ਮਿੱਠੇ ਬੱਚੇ:- ਬਾਪ ਦਾ ਪਿਆਰ ਤਾਂ ਸਭ ਬੱਚਿਆਂ ਨਾਲ ਹੈ ਲੇਕਿਨ ਜੋ ਬਾਪ ਦੀ ਰਾਏ ਨੂੰ ਫੌਰਨ ਮੰਨ ਲੈਂਦੇ ਹਨ , ਉਨ੍ਹਾਂ ਦੀ ਕਸ਼ਿਸ਼ ਹੁੰਦੀ ਹੈ। ਗੁਣਵਾਨ ਬੱਚੇ ਪਿਆਰ ਖਿੱਚਦੇ ਹਨ। "

ਪ੍ਰਸ਼ਨ:- ਬਾਪ ਨੇ ਕਿਹੜਾ ਕਾਂਟਰੈਕਟ ਚੁੱਕਿਆ ਹੈ?

ਉੱਤਰ:- ਸਭ ਨੂੰ ਗੁਲਗੁਲ (ਫੁੱਲ) ਬਣਾ ਕੇ ਵਾਪਿਸ ਲੈ ਜਾਣ ਦਾ ਕਾਂਟਰੈਕਟ(ਠੇਕਾ) ਇੱਕ ਬਾਪ ਦਾ ਹੈ। ਬਾਪ ਵਰਗਾ ਕਾਂਟਰੈਕਟਰ ਦੁਨੀਆਂ ਵਿੱਚ ਹੋਰ ਕੋਈ ਨਹੀਂ। ਉਹ ਹੀ ਸਭ ਦੀ ਸਦਗਤੀ ਕਰਨ ਆਉਂਦੇ ਹਨ। ਬਾਪ ਸਰਵਿਸ ਬਗੈਰ ਰਹਿ ਨਹੀਂ ਸਕਦੇ। ਤਾਂ ਬੱਚਿਆਂ ਨੂੰ ਵੀ ਸਰਵਿਸ ਦਾ ਸਬੂਤ ਦੇਣਾ ਹੈ। ਸੁਣਿਆ-ਅਨਸੁਣਿਆ ਨਹੀਂ ਕਰਨਾ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ - ਬੱਚੇ, ਆਪਣੇ ਨੂੰ ਆਤਮਾ ਸਮਝ ਬੈਠੋ। ਇਹ ਇੱਕ ਬਾਪ ਹੀ ਸਮਝਾਉਂਦੇ ਹਨ ਹੋਰ ਕੋਈ ਮਨੁੱਖ ਕਿਸੇ ਨੂੰ ਸਮਝਾ ਨਹੀਂ ਸਕਦੇ। ਆਪਣੇ ਨੂੰ ਆਤਮਾ ਸਮਝੋ- ਇਹ 5 ਹਜ਼ਾਰ ਸਾਲ ਬਾਅਦ ਬਾਪ ਹੀ ਆਕੇ ਸਿਖਾਉਂਦੇ ਹਨ। ਇਹ ਵੀ ਤੁਸੀਂ ਬੱਚੇ ਹੀ ਜਾਣਦੇ ਹੋ। ਕਿਸੇ ਨੂੰ ਵੀ ਪਤਾ ਨਹੀਂ ਹੈ ਕਿ ਇਹ ਪੁਰਸ਼ੋਤਮ ਸੰਗਮਯੁੱਗ ਹੈ। ਤੁਹਾਨੂੰ ਬੱਚਿਆਂ ਨੂੰ ਇਹ ਯਾਦ ਰਹੇ ਕਿ ਅਸੀਂ ਪੁਰਸ਼ੋਤਮ ਸੰਗਮਯੁੱਗ ਤੇ ਹਾਂ, ਇਹ ਵੀ ਮਨਮਨਾਭਵ ਹੀ ਹੈ। ਬਾਪ ਕਹਿੰਦੇ ਹਨ-ਮੈਨੂੰ ਯਾਦ ਕਰੋ ਕਿਉਂਕਿ ਹੁਣ ਵਾਪਿਸ ਜਾਣਾ ਹੈ। 84 ਜਨਮ ਹੁਣ ਪੂਰੇ ਹੋਏ ਹਨ, ਹੁਣ ਸਤੋਪ੍ਰਧਾਨ ਬਣ ਵਾਪਿਸ ਜਾਣਾ ਹੈ। ਕੋਈ ਤਾਂ ਬਿਲਕੁਲ ਯਾਦ ਨਹੀਂ ਕਰਦੇ ਹਨ। ਬਾਪ ਤਾਂ ਹਰ ਇੱਕ ਦੇ ਪੁਰਸ਼ਾਰਥ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਸ ਵਿੱਚ ਵੀ ਖਾਸ ਇਥੇ ਹਨ ਜਾਂ ਬਾਹਰ ਵਿੱਚ ਹਨ। ਬਾਬਾ ਜਾਣਦੇ ਹਨ ਭਾਵੇਂ ਇੱਥੇ ਬੈਠ ਦੇਖਦਾ ਹਾਂ ਪਰ ਮਿੱਠੇ-ਮਿੱਠੇ ਜੋ ਸਰਵਿਸੇਬਲ ਬੱਚੇ ਹਨ, ਯਾਦ ਉਨ੍ਹਾਂ ਨੂੰ ਕਰਦਾ ਹਾਂ। ਦੇਖਦਾ ਵੀ ਉਨ੍ਹਾਂ ਨੂੰ ਹਾਂ, ਇਹ ਕਿਸ ਤਰ੍ਹਾਂ ਦਾ ਫੁੱਲ ਹੈ, ਇਸ ਵਿੱਚ ਕੀ-ਕੀ ਗੁਣ ਹਨ। ਕੋਈ ਤਾਂ ਇਵੇਂ ਦੇ ਵੀ ਹਨ ਜਿਨ੍ਹਾਂ ਵਿੱਚ ਕੋਈ ਗੁਣ ਨਹੀਂ ਹੈ। ਹੁਣ ਇਵੇਂ ਦੇ ਨੂੰ ਬਾਬਾ ਦੇਖ ਕੀ ਕਰਨਗੇ। ਬਾਪ ਤਾਂ ਚੁੰਬਕ ਪਿਓਰ ਆਤਮਾ ਹੈ, ਤਾਂ ਜਰੂਰ ਕਸ਼ਿਸ਼ ਕਰਨਗੇ। ਪਰ ਬਾਬਾ ਅੰਦਰੋਂ ਜਾਣਦੇ ਹਨ, ਬਾਪ ਆਪਣਾ ਸਾਰਾ ਪੋਤਾਮੇਲ ਦੱਸਦੇ ਹਨ ਤਾਂ ਬੱਚੇ ਵੀ ਦੱਸਣ। ਬਾਬਾ ਦੱਸਦੇ ਹਨ ਅਸੀਂ ਤੁਹਾਨੂੰ ਵਿਸ਼ਵ ਦਾ ਮਾਲਿਕ ਬਨਾਉਣ ਆਏ ਹਾਂ। ਫਿਰ ਜੋ ਜਿਵੇਂ ਦਾ ਪੁਰਸ਼ਾਰਥ ਕਰਨ। ਪੁਰਸ਼ਾਰਥ ਜੋ ਵੀ ਕਰਦੇ ਹਨ, ਉਹ ਵੀ ਪਤਾ ਹੋਣਾ ਚਾਹੀਦਾ ਹੈ। ਬਾਬਾ ਲਿਖਦੇ ਹਨ - ਸਭ ਦਾ ਐਕੂਪੇਸ਼ਨ ਲਿੱਖਕੇ ਭੇਜੋ ਮਤਲਬ ਉਨ੍ਹਾਂ ਤੋਂ ਲਿਖਵਾ ਕੇ ਭੇਜੋ। ਜਿਹੜੀਆਂ ਚੁੱਸਤ ਸਮਝਦਾਰ ਬ੍ਰਾਹਮਣੀਆਂ ਹੁੰਦੀਆਂ ਹਨ, ਉਹ ਸਭ ਲਿਖਵਾ ਕੇ ਭੇਜਦੀਆਂ ਹਨ, ਕੀ ਧੰਧਾ ਕਰਦੇ ਹਨ, ਕਿੰਨੀ ਆਮਦਨੀ ਹੈ? ਬਾਪ ਆਪਣਾ ਸਭ ਕੁਝ ਦੱਸਦੇ ਹਨ ਅਤੇ ਸ੍ਰਿਸ਼ਟੀ ਦੇ ਆਦਿ-ਮੱਧ-ਅੰਤ ਦਾ ਗਿਆਨ ਸੁਣਾਉਂਦੇ ਹਨ। ਸਭ ਦੀ ਅਵਸਥਾ ਨੂੰ ਜਾਣਦੇ ਹਨ। ਕਿਸਮ-ਕਿਸਮ ਦੇ ਵਰਾਇਟੀ ਫੁੱਲ ਹਨ ਨਾ। (ਇੱਕ-ਇੱਕ ਫੁੱਲ ਦਿਖਾ ਕੇ) ਦੇਖੋ, ਕਿੰਨਾ ਰਾਇਲ ਫੁੱਲ ਹੈ। ਅਜੇ ਇਵੇਂ ਦੀ ਖੁਸ਼ਬੂ ਹੈ, ਫਿਰ ਜਦੋਂ ਸਾਰਾ ਖਿੜ ਜਾਵੇਗਾ ਤਾਂ ਫਸਟਕਲਾਸ ਸ਼ੋਭਾ ਹੋ ਜਾਵੇਗੀ। ਤੁਸੀਂ ਵੀ ਇਨ੍ਹਾਂ ਲਕਸ਼ਮੀ - ਨਰਾਇਣ ਵਾਂਗੂ ਲਾਇਕ ਬਣ ਜਾਵੋਗੇ। ਤਾਂ ਬਾਪ ਦੇਖਦੇ ਰਹਿੰਦੇ ਹਨ, ਇਵੇਂ ਨਹੀਂ ਕਿ ਸਭ ਨੂੰ ਸਰਚਲਾਈਟ ਦਿੰਦੇ ਹਨ। ਜੋ ਜਿਵੇਂ ਦਾ ਹੈ ਓਵੇਂ ਦੀ ਹੀ ਕਸ਼ਿਸ਼ ਕਰਦੇ ਹਨ, ਜਿਨ੍ਹਾਂ ਵਿੱਚ ਕੋਈ ਗੁਣ ਨਹੀਂ ਉਹ ਕੀ ਕਸ਼ਿਸ਼ ਕਰਨਗੇ। ਇਵੇਂ ਦੇ ਉਥੇ ਚੱਲ ਕੇ ਪਾਈ ਪੈਸੇ ਦਾ ਪਦ ਪਾਉਂਦੇ ਹਨ। ਬਾਬਾ ਹਰ ਇੱਕ ਦੇ ਗੁਣਾਂ ਨੂੰ ਦੇਖਦੇ ਹਨ ਅਤੇ ਪਿਆਰ ਵੀ ਕਰਦੇ ਹਨ। ਪਿਆਰ ਵਿੱਚ ਨੈਣ, ਗਿੱਲੇ ਹੋ ਜਾਂਦੇ ਹਨ। ਇਹ ਸਰਵਿਸੇਬਲ ਕਿੰਨੀ ਸਰਵਿਸ ਕਰਦੇ ਹਨ! ਇਨ੍ਹਾਂ ਨੂੰ ਸਰਵਿਸ ਬਗੈਰ ਆਰਾਮ ਨਹੀਂ ਹੈ। ਕੋਈ ਤਾਂ ਸਰਵਿਸ ਕਰਨਾ ਜਾਣਦੇ ਹੀ ਨਹੀਂ ਹਨ। ਯੋਗ ਵਿੱਚ ਬੈਠਦੇ ਨਹੀਂ ਹਨ। ਗਿਆਨ ਦੀ ਧਾਰਨਾ ਨਹੀਂ। ਬਾਬਾ ਸਮਝਦੇ ਹਨ - ਇਹ ਕੀ ਪਦ ਪਾਉਣਗੇ। ਕੋਈ ਵੀ ਲੁੱਕ ਨਹੀਂ ਸਕਦੇ ਹਨ। ਬੱਚੇ ਜੋ ਸਾਲਿਮ(ਚੰਗੇ) ਬੁੱਧੀਵਾਨ ਹਨ, ਸੈਂਟਰ ਸੰਭਾਲਦੇ ਹਨ, ਉਨ੍ਹਾਂ ਨੂੰ ਇੱਕ-ਇੱਕ ਦਾ ਪੋਤਾਮੇਲ ਭੇਜਣਾ ਚਾਹੀਦਾ ਹੈ। ਤਾਂ ਬਾਬਾ ਸਮਝਣ ਕਿਥੋਂ ਤੱਕ ਪੁਰਸ਼ਾਰਥੀ ਹੈ। ਬਾਬਾ ਤਾਂ ਗਿਆਨ ਦਾ ਸਾਗਰ ਹੈ। ਬੱਚਿਆਂ ਨੂੰ ਗਿਆਨ ਦਿੰਦੇ ਹਨ। ਕੋਈ ਕਿੰਨਾ ਗਿਆਨ ਉਠਾਉਂਦੇ ਹਨ, ਗੁਣਵਾਨ ਬਣਦੇ ਹਨ - ਉਹ ਝੱਟ ਪਤਾ ਲੱਗ ਜਾਂਦਾ ਹੈ। ਬਾਬਾ ਦਾ ਪਿਆਰ ਸਭ ਤੇ ਹੈ। ਇਸ ਤੇ ਇੱਕ ਗੀਤ ਵੀ ਹੈ - ਤੇਰਾ ਕੰਡਿਆਂ ਨਾਲ ਵੀ ਪਿਆਰ, ਤੇਰਾ ਫੁੱਲਾਂ ਨਾਲ ਵੀ ਪਿਆਰ। ਨੰਬਰਵਾਰ ਤਾਂ ਹੈ ਹੀ। ਤਾਂ ਬਾਪ ਦੇ ਨਾਲ ਪਿਆਰ ਕਿੰਨਾ ਚੰਗਾ ਚਾਹੀਦਾ ਹੈ। ਬਾਬਾ ਜੋ ਕਹੇ ਉਹ ਫੌਰਨ ਕਰ ਦਿਖਾਉਣ ਤਾਂ ਬਾਬਾ ਵੀ ਸਮਝਣ ਕੀ ਬਾਬਾ ਨਾਲ ਪਿਆਰ ਹੈ। ਉਨ੍ਹਾਂ ਨੂੰ ਕਸ਼ਿਸ਼ ਹੋਵੇਗੀ। ਬਾਪ ਵਿੱਚ ਕਸ਼ਿਸ਼ ਇਵੇਂ ਦੀ ਹੈ ਜੋ ਇੱਕਦਮ ਚਟਕ ਜਾਣ। ਪਰ ਜਦੋਂ ਤੱਕ ਕਟ(ਜੰਕ) ਨਿਕਲੀ ਨਹੀਂ ਹੈ ਤਾਂ ਕਸ਼ਿਸ਼ ਵੀ ਨਹੀਂ ਹੋਵੇਗੀ। ਇੱਕ-ਇੱਕ ਨੂੰ ਦੇਖਦਾ ਹਾਂ।

ਬਾਬਾ ਨੂੰ ਸਰਿਵਸੇਬਲ ਬੱਚੇ ਚਾਹੀਦੇ ਹਨ। ਬਾਪ ਤਾਂ ਸਰਵਿਸ ਲਈ ਹੀ ਆਉਂਦੇ ਹਨ। ਪਤਿਤਾਂ ਨੂੰ ਪਾਵਨ ਬਣਾਉਂਦੇ ਹਨ। ਇਹ ਤੁਸੀਂ ਜਾਣਦੇ ਹੋ, ਦੁਨੀਆਂ ਵਾਲੇ ਨਹੀਂ ਜਾਣਦੇ ਹਨ ਕਿਉਂਕਿ ਹੁਣ ਤੁਸੀਂ ਬੜੇ ਥੋੜੇ ਹੋ। ਜਦੋਂ ਤੱਕ ਯੋਗ ਨਹੀਂ ਹੋਵੇਗਾ ਓਦੋਂ ਤੱਕ ਕਸ਼ਿਸ਼ ਨਹੀਂ ਹੋਵੇਗੀ। ਉਹ ਮਿਹਨਤ ਬੜੇ ਥੋੜੇ ਕਰਦੇ ਹਨ। ਕੋਈ ਨਾ ਕੋਈ ਗੱਲ ਵਿੱਚ ਲਟਕ ਪੈਂਦੇ ਹਨ। ਇਹ ਉਹ ਸਤਿਸੰਗ ਨਹੀਂ ਹੈ, ਜੋ ਸੁਣਿਆ ਉਹ ਸੱਤ-ਸੱਤ ਕਰਦੇ ਰਹਿੰਦੇ ਹਨ। ਸਰਵ ਸ਼ਾਸਤਰਮਈ ਸ਼ਿਰੋਮਣੀ ਹੈ ਗੀਤਾ। ਗੀਤਾ ਵਿੱਚ ਹੀ ਰਾਜਯੋਗ ਹੈ। ਵਿਸ਼ਵ ਦਾ ਮਾਲਿਕ ਤਾਂ ਬਾਪ ਹੀ ਹੈ। ਬੱਚਿਆਂ ਨੂੰ ਕਹਿੰਦਾ ਰਹਿੰਦਾ ਹਾਂ ਗੀਤਾ ਨਾਲ ਹੀ ਪ੍ਰਭਾਵ ਨਿਕਲੇਗਾ। ਪਰ ਇੰਨੀ ਤਾਕਤ ਵੀ ਹੋਵੇ ਨਾ। ਯੋਗਬੱਲ ਦਾ

ਜੌਹਰ ਵੀ ਚੰਗਾ ਚਾਹੀਦਾ ਹੈ, ਜਿਸ ਵਿੱਚ ਬੜੇ ਕਮਜ਼ੋਰ ਹਨ। ਅਜੇ ਥੋੜਾ ਟਾਈਮ ਹੈ। ਕਹਿੰਦੇ ਹਨ ਮਿੱਠੜਾ ਘੁਰ ਤੇ ਘੁਰਾਏ...ਮੈਨੂੰ ਪਿਆਰ ਕਰੋ ਤਾਂ ਮੈ ਵੀ ਕਰਾਂ। ਇਹ ਹੈ ਆਤਮਾ ਦਾ ਪਿਆਰ। ਇੱਕ ਬਾਬਾ ਦੀ ਯਾਦ ਵਿੱਚ ਰਹੀਏ, ਇਸ ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਕੋਈ ਤਾਂ ਬਿਲਕੁੱਲ ਯਾਦ ਨਹੀਂ ਕਰਦੇ ਹਨ। ਬਾਪ ਸਮਝਾਉਂਦੇ ਹਨ - ਇੱਥੇ ਭਗਤੀ ਦੀ ਗੱਲ ਨਹੀਂ ਹੈ। ਇਹ ਬਾਬਾ ਦਾ ਰੱਥ ਹੈ, ਇਨ੍ਹਾਂ ਦੁਆਰਾ ਸ਼ਿਵਬਾਬਾ ਪੜਾਉਂਦੇ ਹਨ। ਸ਼ਿਵਬਾਬਾ ਨਹੀਂ ਕਹਿੰਦੇ ਕਿ ਮੇਰੇ ਪੈਰ ਧੋ ਕੇ ਪੀਵੋ। ਬਾਬਾ ਤਾਂ ਹੱਥ ਲਗਾਉਣ ਵੀ ਨਹੀਂ ਦਿੰਦੇ। ਇਹ ਤਾਂ ਪੜਾਈ ਹੈ। ਹੱਥ ਲਗਾਉਣ ਨਾਲ ਕੀ ਹੋਵੇਗਾ। ਬਾਪ ਤਾਂ ਹੈ ਸਭ ਦੀ ਸਦਗਤੀ ਕਰਨਾ ਵਾਲਾ। ਕੋਟਾਂ ਵਿੱਚ ਕੋਈ ਹੀ ਇਹ ਗੱਲ ਸਮਝਦੇ ਹਨ। ਜਿਹੜੇ ਕਲਪ ਪਹਿਲਾਂ ਵਾਲੇ ਹੋਣਗੇ, ਉਹ ਹੀ ਸਮਝਣਗੇ। ਭੋਲਾਨਾਥ ਬਾਪ ਆਕੇ ਭੋਲੀ-ਭੋਲੀ ਮਾਤਾਵਾਂ ਨੂੰ ਗਿਆਨ ਦੇ ਉਠਾਉਂਦੇ ਹਨ। ਬਾਬਾ ਬਿਲਕੁਲ ਚੜਾ ਦਿੰਦੇ ਹਨ - ਮੁਕਤੀ ਅਤੇ ਜੀਵਨਮੁਕਤੀ ਵਿੱਚ। ਬਾਪ ਸਿਰਫ਼ ਕਹਿੰਦੇ ਹਨ - ਵਿਕਾਰਾਂ ਨੂੰ ਛੱਡੋ। ਇਸ ਤੇ ਹੀ ਹੰਗਾਮਾ ਹੁੰਦਾ ਹੈ। ਬਾਪ ਸਮਝਾਉਂਦੇ ਹਨ - ਆਪਣੇ ਨੂੰ ਦੇਖੋ ਸਾਡੇ ਵਿੱਚ ਕੀ-ਕੀ ਅਵਗੁਣ ਹਨ? ਵਪਾਰੀ ਲੋਕ ਰੋਜ਼ ਆਪਣਾ ਪੋਤਾਮੇਲ ਫਾਇਦੇ ਘਾਟੇ ਦਾ ਕੱਢਦੇ ਹਨ। ਤੁਸੀਂ ਵੀ ਪੋਤਾਮੇਲ ਰੱਖੋ ਕਿ ਕਿੰਨਾ ਸਮਾਂ ਅਤਿ ਪਿਆਰਾ ਬਾਬਾ, ਜੋ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ, ਉਸਨੂੰ ਯਾਦ ਕੀਤਾ? ਦੇਖਣਗੇ, ਘੱਟ ਯਾਦ ਕੀਤਾ ਤਾਂ ਆਪੇ ਹੀ ਲੱਜਾ ਆਵੇਗੀ ਕਿ ਇਹ ਕੀ ਅਸੀਂ ਇਵੇਂ ਦੇ ਬਾਬਾ ਨੂੰ ਯਾਦ ਹੀ ਨਹੀਂ ਕੀਤਾ। ਸਾਡਾ ਬਾਬਾ ਸਭ ਤੋਂ ਵੰਡਰਫੁੱਲ ਹੈ। ਸਵਰਗ ਵੀ ਹੈ ਸਾਰੀ ਸ੍ਰਿਸ਼ਟੀ ਵਿੱਚ ਸਭ ਤੋਂ ਵੰਡਰਫੁੱਲ। ਉਹ ਤਾਂ ਸਵਰਗ ਨੂੰ ਲੱਖਾਂ ਸਾਲ ਕਹਿ ਦਿੰਦੇ ਹਨ ਅਤੇ ਤੁਸੀਂ ਕਹੋਗੇ 5 ਹਜ਼ਾਰ ਸਾਲ। ਕਿੰਨਾ ਰਾਤ ਅਤੇ ਦਿਨ ਦਾ ਫਰਕ ਹੈ। ਜਿਹੜੇ ਬੜੇ ਪੁਰਾਣੇ ਭਗਤ ਹਨ ਉਨ੍ਹਾਂ ਤੇ ਬਾਬਾ ਕੁਰਬਾਨ ਜਾਂਦੇ ਹਨ। ਅਤਿ ਭਗਤੀ ਕੀਤੀ ਹੈ ਨਾ। ਬਾਬਾ ਇਸ ਜਨਮ ਵਿੱਚ ਵੀ ਗੀਤਾ ਉਠਾਂਦਾ ਸੀ ਅਤੇ ਨਰਾਇਣ ਦਾ ਚਿੱਤਰ ਵੀ ਰੱਖਦਾ ਸੀ। ਲਕਸ਼ਮੀ ਨੂੰ ਦਾਸੀਪਨ ਤੋਂ ਮੁਕਤ ਕਰ ਦਿੱਤਾ ਤਾਂ ਕਿੰਨੀ ਖੁਸ਼ੀ ਰਹਿੰਦੀ ਹੈ। ਜਿਵੇਂ ਅਸੀਂ ਇਹ ਸ਼ਰੀਰ ਛੱਡ ਜਾਕੇ ਸਤਿਯੁੱਗ ਵਿੱਚ ਦੂਜਾ ਲਵਾਂਗੇ। ਬਾਬਾ ਨੂੰ ਵੀ ਖੁਸ਼ੀ ਰਹਿੰਦੀ ਹੈ ਕੀ ਅਸੀਂ ਜਾ ਕੇ ਪ੍ਰਿੰਸ ਗੋਰਾ ਬਣਾਂਗੇ। ਪੁਰਸ਼ਾਰਥ ਵੀ ਕਰਵਾਉਂਦੇ ਰਹਿੰਦੇ ਹਨ। ਮੁਫ਼ਤ ਵਿੱਚ ਕਿਵੇਂ ਬਣਾਂਗੇ। ਤੁਸੀਂ ਵੀ ਚੰਗੀ ਤਰ੍ਹਾਂ ਬਾਬਾ ਨੂੰ ਯਾਦ ਕਰੋਗੇ ਤਾਂ ਸਵਰਗ ਦਾ ਵਰਸਾ ਪਾਵੋਗੇ। ਕੋਈ ਤਾਂ ਪੜਦੇ ਹੀ ਨਹੀਂ ਹਨ, ਨਾਂ ਦੈਵੀਗੁਣ ਧਾਰਨ ਕਰਦੇ ਹਨ। ਪੋਤਾਮੇਲ ਨਹੀਂ ਰੱਖਦੇ ਹਨ। ਪੋਤਾਮੇਲ ਸਦਾ ਉਹ ਰੱਖਣਗੇ ਜਿਹੜੇ ਉੱਚ ਪਦ ਪਾਉਣ ਵਾਲੇ ਹੋਣਗੇ। ਨਹੀਂ ਤਾਂ ਸਿਰਫ ਸ਼ੋ ਕਰਨਗੇ। 15-20 ਰੋਜ਼ ਤੋਂ ਬਾਅਦ ਲਿਖਣਾ ਛੱਡ ਦਿੰਦੇ ਹਨ। ਇੱਥੇ ਤਾਂ ਪੇਪਰ ਆਦਿ ਹੈ ਸਭ ਗੁਪਤ। ਹਰ ਇੱਕ ਦੀ ਕਵਾਲੀਫਿਕੇਸ਼ਨ ਨੂੰ ਬਾਪ ਜਾਣਦੇ ਹਨ। ਬਾਬਾ ਦਾ ਕਹਿਣਾ ਫੱਟ ਤੋਂ ਮੰਨ ਲਿਆ ਤਾਂ ਕਹਾਂਗੇ ਆਗਿਆਕਾਰੀ, ਫਰਮਾਨਬਰਦਾਰ ਹੈ। ਬਾਬਾ ਕਹਿੰਦੇ ਹਨ ਬੱਚਿਆਂ ਨੇ ਅਜੇ ਬੜਾ ਕੰਮ ਕਰਨਾ ਹੈ। ਕਿੰਨੇ ਚੰਗੇ-ਚੰਗੇ ਬੱਚੇ ਵੀ ਫਾਰਕਤੀ ਦੇ ਕੇ ਚਲੇ ਜਾਂਦੇ ਹਨ। ਇਹ ਕਦੇ ਕਿਸੇ ਨੂੰ ਫਾਰਕਤੀ ਜਾ ਡਿਵੋਰਸ ਨਹੀਂ ਦੇਣਗੇ। ਇਹ ਤਾਂ ਡਰਾਮਾ ਅਨੁਸਾਰ ਆਇਆ ਹੀ ਹੈ ਵੱਡਾ ਕਾਂਟਰੈਕਟ ਉਠਾਉਣ ਦੇ ਲਈ। ਮੈਂ ਸਭ ਤੋਂ ਵੱਡਾ ਕਾਂਟਰੈਕਟਟਰ ਹਾਂ। ਸਭ ਨੂੰ ਗੁਲ-ਗੁਲ ਬਣਾ ਕੇ ਵਾਪਿਸ ਲੈ ਜਾਵਾਂਗਾ। ਤੁਸੀਂ ਬੱਚੇ ਜਾਣਦੇ ਹੋ ਪਤਿਤਾਂ ਨੂੰ ਪਾਵਨ ਬਣਾਉਣ ਵਾਲਾ ਕਾਂਟਰੈਕਟਰ ਇੱਕ ਹੀ ਹੈ। ਉਹ ਤੁਹਾਡੇ ਸਾਹਮਣੇ ਬੈਠੇ ਹਨ। ਕੋਈ ਨੂੰ ਕਿੰਨਾ ਨਿਸ਼ਚੈ ਹੈ, ਕਿਸੇ ਨੂੰ ਬਿਲਕੁੱਲ ਨਹੀਂ ਹੈ। ਅੱਜ ਇੱਥੇ ਹਨ, ਕਲ ਚਲੇ ਜਾਣਗੇ, ਚਲਣ ਇਵੇਂ ਦੀ ਹੈ। ਅੰਦਰ ਜਰੂਰ ਖਾਵੇਗਾ - ਅਸੀਂ ਬਾਬਾ ਦੇ ਕੋਲ ਰਹਿਕੇ, ਬਾਬਾ ਦਾ ਬਣਕੇ ਕੀ ਕਰਦੇ ਹਾਂ। ਸਰਵਿਸ ਕੁਝ ਨਹੀਂ ਕਰਦੇ ਤਾਂ ਕੀ ਮਿਲੇਗਾ। ਰੋਟੀ ਪਕਾਉਣਾ, ਸਬਜ਼ੀ ਬਨਾਉਣਾ ਇਹ ਤਾਂ ਪਹਿਲਾਂ ਵੀ ਕਰਦੇ ਸੀ। ਨਵੀਂ ਗੱਲ ਕੀ ਕੀਤੀ ਹੈ? ਸਰਵਿਸ ਦਾ ਸਬੂਤ ਦੇਣਾ ਹੈ। ਇੰਨੀਆਂ ਨੂੰ ਰਸਤਾ ਦੱਸਿਆ।

ਇਹ ਡਰਾਮਾ ਬੜਾ ਵੰਡਰਫੁੱਲ ਬਣਿਆ ਹੋਇਆ ਹੈ। ਜੋ ਕੁਝ ਹੁੰਦਾ ਹੈ ਤੁਸੀਂ ਪ੍ਰੈਕਟੀਕਲ ਦੇਖ ਰਹੇ ਹੋ। ਸ਼ਾਸਤਰਾਂ ਵਿੱਚ ਤਾਂ ਕ੍ਰਿਸ਼ਨ ਦੇ ਚਰਿੱਤਰ ਲਿੱਖ ਦਿੱਤੇ ਹਨ, ਪਰ ਚਰਿੱਤਰ ਹਨ ਇੱਕ ਬਾਪ ਦੇ। ਉਹ ਹੀ ਸਭ ਦੀ ਸਦਗਤੀ ਕਰਦੇ ਹਨ। ਇਨ੍ਹਾਂ ਵਰਗਾ ਚਰਿੱਤਰ ਕਿਸੇ ਦਾ ਹੋ ਨਹੀਂ ਸਕਦਾ ਹੈ। ਚਰਿੱਤਰ ਤਾਂ ਕੋਈ ਚੰਗਾ ਹੋਣਾ ਚਾਹੀਦਾ ਹੈ। ਬਾਕੀ ਭਜਾਉਣਾ, ਕਰਨਾ - ਇਹ ਕੋਈ ਚਰਿੱਤਰ ਨਹੀਂ ਹੈ। ਸਭ ਦੀ ਸਦਗਤੀ ਕਰਨਾ ਵਾਲਾ ਇਕ ਬਾਪ ਹੀ ਹੈ। ਉਹ ਕਲਪ-ਕਲਪ ਆਕੇ ਸਵਰਗ ਦੀ ਸਥਾਪਨਾ ਕਰਦੇ ਹਨ। ਲੱਖਾਂ ਸਾਲ ਦੀ ਕੋਈ ਗੱਲ ਨਹੀਂ ਹੈ।

ਤਾਂ ਬੱਚਿਆਂ ਨੂੰ ਛੀ-ਛੀ ਆਦਤਾਂ ਛੱਡਣੀਆਂ ਚਾਹੀਦੀਆਂ ਹਨ। ਨਹੀਂ ਤਾਂ ਕੀ ਪਦ ਮਿਲੇਗਾ? ਮਾਸ਼ੂਕ ਵੀ ਗੁਣ ਵੇਖ ਆਸ਼ਿਕ ਹੋਣਗੇ ਨਾ। ਆਸ਼ਿਕ ਉਨ੍ਹਾਂ ਤੇ ਹੋਵੇਗਾ ਜੋ ਉਸਦੀ ਸਰਵਿਸ ਕਰਦੇ ਹੋਣਗੇ। ਜੋ ਸਰਵਿਸ ਨਹੀਂ ਕਰਦੇ ਉਹ ਕੀ ਕੰਮ ਦੇ। ਇਹ ਗੱਲਾਂ ਬੜੀਆਂ ਸਮਝਣ ਦੀਆਂ ਹਨ। ਬਾਪ ਸਮਝਾਉਂਦੇ ਹਨ ਤੁਸੀਂ ਮਹਾਨ ਭਾਗਿਆਸ਼ਾਲੀ ਹੋ, ਤੁਹਾਡੇ ਵਰਗਾ ਭਾਗਿਆਸ਼ਾਲੀ ਕੋਈ ਨਹੀਂ। ਭਾਵੇਂ ਸਵਰਗ ਵਿੱਚ ਤੁਸੀਂ ਜਾਵੋਗੇ, ਪਰ ਪ੍ਰਾਲਬੱਧ ਉੱਚੀ ਬਨਾਉਣੀ ਚਾਹੀਦੀ ਹੈ। ਕਲਪ ਕਲਪਾਂਤਰ ਦੀ ਗੱਲ ਹੈ। ਪੋਜੀਸ਼ਨ ਘੱਟ ਹੋ ਜਾਂਦਾ ਹੈ। ਖੁਸ਼ ਨਹੀਂ ਹੋਣਾ ਚਾਹੀਦਾ ਕੀ ਜੋ ਮਿਲਿਆ ਉਹ ਚੰਗਾ। ਪੁਰਸ਼ਾਰਥ ਬੜਾ ਚੰਗਾ ਕਰਨਾ ਹੈ। ਸਰਵਿਸ ਦਾ ਸਬੂਤ ਚਾਹੀਦਾ ਹੈ - ਕਿੰਨਿਆਂ ਨੂੰ ਆਪ ਸਮਾਨ ਬਣਾਇਆ ਹੈ? ਤੁਹਾਡੀ ਪ੍ਰਜਾ ਕਿਥੇ ਹੈ? ਬਾਪ ਟੀਚਰ ਸਭ ਨੂੰ ਤਦਵੀਰ ( ਪੁਰਸ਼ਾਰਥ ) ਕਰਾਉਂਦੇ ਹਨ। ਪਰ ਕਿਸੇ ਦੀ ਤਕਦੀਰ ਵਿੱਚ ਵੀ ਹੋਵੇ ਨਾ। ਸਭ ਤੋਂ ਵੱਡਾ ਅਸ਼ੀਰਵਾਦ ਤਾਂ ਇਹ ਹੈ ਕਿ ਬਾਪ ਆਪਣਾ ਸ਼ਾਂਤੀਧਾਮ ਛੱਡ ਪਤਿਤ ਦੁਨੀਆਂ ਅਤੇ ਪਤਿਤ ਸ਼ਰੀਰ ਵਿੱਚ ਆਉਂਦੇ ਹਨ। ਨਹੀਂ ਤਾਂ ਤੁਹਾਨੂੰ ਰਚਤਾ ਅਤੇ ਰਚਨਾ ਦੀ ਨਾਲੇਜ਼ ਕੌਣ ਸੁਣਾਵੇ? ਇਹ ਵੀ ਕਿਸੇ ਦੀ ਬੁੱਧੀ ਵਿੱਚ ਨਹੀਂ ਬੈਠਦਾ ਕਿ ਸਤਿਯੁੱਗ ਵਿੱਚ ਰਾਮ ਰਾਜ ਅਤੇ ਕਲਯੁੱਗ ਵਿੱਚ ਰਾਵਣ ਰਾਜ ਹੈ। ਰਾਮ ਰਾਜ ਵਿੱਚ ਇੱਕ ਹੀ ਰਾਜ ਸੀ, ਰਾਵਣ ਰਾਜ ਵਿੱਚ ਅਨੇਕ ਰਾਜ ਹਨ ਇਸ ਲਈ ਤੁਸੀਂ ਪੁੱਛਦੇ ਹੋ ਨਰਕਵਾਸੀ ਹੋ ਜਾਂ ਸਵਰਗਵਾਸੀ ਹੋ? ਪਰ ਮਨੁੱਖ ਇਹ ਨਹੀਂ ਸਮਝਦੇ ਕਿ ਅਸੀਂ ਕਿੱਥੇ ਹਾਂ? ਇਹ ਹੈ ਕੰਢਿਆਂ ਦਾ ਜੰਗਲ, ਉਹ ਹੈ ਫੁੱਲਾਂ ਦਾ ਬਗੀਚਾ। ਤਾਂ ਹੁਣ ਫੋਲੋ ਫਾਦਰ ਮਦਰ ਅਤੇ ਅੰਨਨਯ ( ਵਿਸ਼ੇਸ਼ )

ਬੱਚਿਆਂ ਨੂੰ ਕਰਨਾ ਹੈ, ਫਿਰ ਹੀ ਉੱਚ ਬਣੋਗੇ। ਬਾਪ ਸਮਝਾਉਂਦੇ ਤਾਂ ਬਹੁਤ ਹਨ। ਪਰ ਕੋਈ ਸਮਝਣ ਵਾਲਾ ਸਮਝੇ। ਕੋਈ ਤਾਂ ਸੁਣ ਕੇ ਚੰਗੀ ਤਰ੍ਹਾਂ ਵਿਚਾਰ ਸਾਗਰ ਮੰਥਨ ਕਰਦੇ ਹਨ। ਕੋਈ ਤਾਂ ਸੁਣਿਆ-ਅਨਸੁਣਿਆ ਕਰ ਦਿੰਦੇ ਹਨ। ਜਿੱਥੇ - ਕਿਤੇ ਲਿਖਿਆ ਹੋਇਆ ਹੈ - ਸ਼ਿਵਬਾਬਾ ਯਾਦ ਹੈ? ਤਾਂ ਵਰਸਾ ਵੀ ਜਰੂਰ ਯਾਦ ਆਵੇਗਾ। ਦੈਵੀਗੁਣ ਹੋਣਗੇ ਤਾਂ ਦੇਵਤਾ ਬਣਾਂਗੇ। ਜੇਕਰ ਕਰੋਧ ਹੋਵੇਗਾ, ਆਸੁਰੀ ਅਵਗੁਣ ਹੋਣਗੇ ਤਾਂ ਉੱਚ ਪਦਵੀ ਪਾ ਨਹੀਂ ਸਕਦੇ। ਉੱਥੇ ਕੋਈ ਭੂਤ ਹੁੰਦਾ ਨਹੀਂ ਹੈ। ਰਾਵਣ ਹੀ ਨਹੀਂ ਤਾਂ ਰਾਵਣ ਦੇ ਭੂਤ ਕਿਥੋਂ ਆਏ। ਦੇਹ - ਅਭਿਮਾਨ, ਕਾਮ, ਕ੍ਰੋਧ.. .ਇਹ ਹਨ ਵੱਡੇ ਭੂਤ। ਇਸਨੂੰ ਕੱਢਣ ਦਾ ਇੱਕ ਹੀ ਉਪਾਅ ਹੈ - ਬਾਬਾ ਦੀ ਯਾਦ। ਬਾਬਾ ਦੀ ਯਾਦ ਨਾਲ ਹੀ ਸਭ ਭੂਤ ਭੱਜ ਜਾਣਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਰਾਤ ਦੀ ਕਲਾਸ :-

ਬਹੁਤ ਬੱਚਿਆਂ ਨੂੰ ਦਿਲ ਹੁੰਦੀ ਹੈ ਕਿ ਅਸੀਂ ਵੀ ਹੋਰਾਂ ਨੂੰ ਆਪ ਸਮਾਨ ਬਣਾਉਣ ਦੀ ਸਰਵਿਸ ਕਰੀਏ। ਆਪਣੀ ਪ੍ਰਜਾ ਬਣਾਈਏ। ਜਿਵੇਂ ਹੋਰ ਸਾਡੇ ਭਾਈ ਸਰਵਿਸ ਕਰਦੇ ਹਨ ਅਸੀਂ ਵੀ ਕਰੀਏ। ਮਾਤਾਵਾਂ ਜਾਸਤੀ ਹਨ। ਕਲਸ਼ ਵੀ ਮਾਤਾਵਾਂ ਦੇ ਸਿਰ ਤੇ ਰੱਖਿਆ ਗਿਆ ਹੈ। ਬਾਕੀ ਇਹ ਤਾਂ ਹੈ ਪ੍ਰਵਿਰਤੀ ਮਾਰਗ। ਦੋਵੇਂ ਚਾਹੀਦੇ ਹਨ ਨਾ। ਬਾਬਾ ਪੁੱਛਦੇ ਹਨ ਕਿੰਨੇ ਬੱਚੇ ਹਨ? ਦੇਖਦੇ ਹਨ ਠੀਕ ਜਵਾਬ ਦਿੰਦੇ ਹਨ। 5 ਤਾਂ ਆਪਣੇ ਹਨ ਇੱਕ ਹੈ ਸ਼ਿਵਬਾਬਾ। ਕਈ ਤਾਂ ਕਹਿਣ ਮਾਤਰ ਹੀ ਕਹਿੰਦੇ ਹਨ। ਕਈ ਸੱਚਮੁੱਚ ਬਣਾਉਂਦੇ ਹਨ। ਜਿਹੜੇ ਵਾਰਿਸ ਬਣਾਉਂਦੇ ਹਨ ਉਹ ਜੇਤੂ ਮਾਲਾ ਵਿੱਚ ਪਿਰੋਏ ਜਾਣਗੇ। ਜਿਹੜੇ ਸੱਚ-ਸੱਚ ਵਾਰਿਸ ਬਣਾਉਂਦੇ ਹਨ ਉਹ ਖ਼ੁਦ ਵੀ ਵਾਰਿਸ ਬਣਦੇ ਹਨ। ਸੱਚੀ ਦਿਲ ਤੇ ਸਾਹਿਬ ਰਾਜੀ… ਬਾਕੀ ਤਾਂ ਸਾਰੇ ਕਹਿਣ ਮਾਤਰ ਹੀ ਕਹਿੰਦੇ ਹਨ। ਇਸ ਵੇਲੇ ਪਾਰਲੌਕਿਕ ਬਾਪ ਹੀ ਹੈ ਜੋ ਸਾਰਿਆਂ ਨੂੰ ਵਰਸਾ ਦਿੰਦੇ ਹਨ ਇਸ ਲਈ ਯਾਦ ਵੀ ਉਨ੍ਹਾਂ ਨੂੰ ਕਰਨਾ ਹੈ ਜਿਸ ਨਾਲ 21 ਜਨਮਾਂ ਦਾ ਵਰਸਾ ਮਿਲਦਾ ਹੈ। ਬੁੱਧੀ ਵਿੱਚ ਇਹ ਗਿਆਨ ਹੈ ਕਿ ਇਹ ਸਭ ਰਹਿਣ ਵਾਲੇ ਨਹੀਂ ਹਨ। ਬਾਪ ਹਰੇਕ ਦੀ ਅਵਸਥਾ ਨੂੰ ਦੇਖਦੇ ਹਨ ਸੱਚ-ਸੱਚ ਵਾਰਿਸ ਬਣਾਇਆ ਹੈ ਜਾਂ ਬਣਾਉਣ ਦਾ ਖਿਆਲ ਕਰਦੇ ਹਨ। ਵਾਰਿਸ ਬਣਾਉਣ ਦਾ ਮਤਲਬ ਸਮਝਦੇ ਹਨ। ਬਹੁਤ ਹਨ ਜੋ ਸਮਝਦੇ ਹੋਏ ਵੀ ਬਣਾ ਨਹੀਂ ਸਕਦੇ ਕਿਉਂਕਿ ਮਾਇਆ ਦੇ ਵਸ਼ ਹਨ। ਇਸ ਵੇਲੇ ਜਾਂ ਤੇ ਈਸ਼ਵਰ ਦੇ ਵਸ਼ ਜਾਂ ਮਾਇਆ ਦੇ ਵਸ਼ ਹਨ। ਈਸ਼ਵਰ ਦੇ ਵਸ਼ ਜਿਹੜੇ ਹੋਣਗੇ ਉਹ ਵਾਰਿਸ ਬਣਾ ਲੈਣਗੇ। ਮਾਲਾ ਅੱਠ ਦੀ ਵੀ ਹੁੰਦੀ ਹੈ, 108 ਦੀ ਵੀ ਹੁੰਦੀ ਹੈ। ਅੱਠ ਤਾਂ ਜਰੂਰ ਕਮਾਲ ਕਰਦੇ ਹੋਣਗੇ। ਸੱਚਮੁੱਚ ਵਾਰਿਸ ਬਣਾ ਕੇ ਹੀ ਛੱਡਦੇ ਹੋਣਗੇ। ਭਾਵੇਂ ਵਾਰਿਸ ਵੀ ਬਣਾਉਂਦੇ ਹਨ ਵਰਸਾ ਤਾਂ ਲੈਂਦੇ ਹੀ ਹਨ। ਫਿਰ ਵੀ ਇਵੇਂ ਦੇ ਉੱਚ ਵਾਰਿਸ ਬਣਾਉਣ ਵਾਲਿਆਂ ਦੇ ਕਰਮ ਵੀ ਇਵੇਂ ਉੱਚੇ ਹੋਣਗੇ। ਕੋਈ ਵਿਕਰਮ ਨਾਂ ਹੋਵੇ। ਵਿਕਾਰ ਜੋ ਵੀ ਹਨ ਸਾਰੇ ਵਿਕਰਮ ਹਨ ਨਾ। ਬਾਪ ਨੂੰ ਛੱਡ ਦੂਜੇ ਕਿਸੇ ਨੂੰ ਯਾਦ ਕਰਨਾ - ਇਹ ਵੀ ਵਿਕਰਮ ਹੈ। ਬਾਪ ਮਾਨਾ ਬਾਪ। ਬਾਪ ਮੁੱਖ ਨਾਲ ਕਹਿੰਦੇ ਹਨ ਮਾਮੇਕਮ ਯਾਦ ਕਰੋ। ਡਾਇਰੈਕਸ਼ਨ ਮਿਲਿਆ ਹੈ ਨਾ। ਤਾਂ ਇਕਦਮ ਯਾਦ ਕਰਨਾ - ਉਸ ਵਿੱਚ ਹੈ ਬੜੀ ਮਿਹਨਤ। ਇੱਕ ਬਾਪ ਨੂੰ ਯਾਦ ਕਰੀਏ ਤਾਂ ਮਾਇਆ ਇਨਾਂ ਤੰਗ ਨਾਂ ਕਰੇ। ਬਾਕੀ ਮਾਇਆ ਵੀ ਬੜੀ ਜ਼ਬਰਦਸਤ ਹੈ। ਸਮਝ ਵਿੱਚ ਆਉਂਦਾ ਹੈ, ਮਾਇਆ ਬੜਾ ਵਿਕਰਮ ਕਰਵਾਉਂਦੀ ਹੈ। ਵੱਡੇ-ਵੱਡੇ ਮਹਾਰਥੀਆ ਨੂੰ ਵੀ ਸੁੱਟ ਕੇ ਪੱਟ ਕਰ ਦਿੰਦੀ ਹੈ। ਦਿਨ ਪ੍ਰਤੀਦਿਨ ਸੈਂਟਰਜ਼ ਵੱਧਦੇ ਜਾਣਗੇ। ਗੀਤਾ ਪਾਠਸ਼ਾਲਾ ਜਾਂ ਮਿਊਜ਼ੀਅਮ ਖੁੱਲਦੇ ਰਹਿਣਗੇ। ਸਾਰੀ ਦੁਨੀਆ ਦੇ ਮਨੁੱਖ ਬਾਪ ਦੀ ਵੀ ਮੰਨਣਗੇ, ਬ੍ਰਹਮਾ ਦੀ ਵੀ ਮੰਨਣਗੇ। ਬ੍ਰਹਮਾ ਨੂੰ ਹੀ ਪ੍ਰਜਾਪਿਤਾ ਕਿਹਾ ਜਾਂਦਾ ਹੈ। ਆਤਮਾਵਾਂ ਨੂੰ ਤਾਂ ਪ੍ਰਜਾ ਨਹੀਂ ਕਹਾਂਗੇ। ਮਨੁੱਖ ਸ੍ਰਿਸ਼ਟੀ ਕੌਣ ਰਚਦੇ ਹਨ? ਪ੍ਰਜਾਪਿਤਾ ਬ੍ਰਹਮਾ ਦਾ ਨਾਮ ਆਉਂਦਾ ਹੈ ਤਾਂ ਉਹ ਸਾਕਾਰ, ਉਹ ਨਿਰਾਕਾਰ ਹੋ ਗਿਆ। ਉਹ ਤਾਂ ਅਨਾਦਿ ਹੈ। ਉਹ ਵੀ ਅਨਾਦਿ ਕਹਾਂਗੇ। ਦੋਵਾਂ ਦਾ ਨਾਮ ਹਾਈਐਸਟ ਹੈ। ਉਹ ਰੂਹਾਨੀ ਬਾਪ, ਉਹ ਪ੍ਰਜਾਪਿਤਾ। ਦੋਵੇ ਬੈਠ ਤੁਹਾਨੂੰ ਪੜਾਉਂਦੇ ਹਨ। ਕਿੰਨਾ ਹਾਈਐਸਟ ਹੋਇਆ! ਬੱਚਿਆਂ ਨੂੰ ਕਿੰਨਾ ਨਸ਼ਾ ਚੜਨਾ ਚਾਹੀਦਾ ਹੈ। ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ! ਪਰ ਮਾਇਆ ਖੁਸ਼ੀ ਜਾਂ ਨਸ਼ੇ ਵਿੱਚ ਰਹਿਣ ਨਹੀਂ ਦਿੰਦੀ ਹੈ। ਜੇਕਰ ਇਵੇਂ ਦੇ ਸਟੂਡੈਂਟ ਵਿਚਾਰ ਸਾਗਰ ਮੰਥਨ ਕਰਦੇ ਰਹਿਣ ਤਾਂ ਸਰਵਿਸ ਵੀ ਕਰ ਸਕਦੇ ਹਨ। ਖੁਸ਼ੀ ਵੀ ਰਹਿ ਸਕਦੀ ਹੈ, ਪਰ ਸ਼ਾਇਦ ਅਜੇ ਟਾਈਮ ਹੈ। ਜਦੋਂ ਕਰਮਾਤੀਤ ਅਵਸਥਾ ਹੋਵੇ ਓਦੋਂ ਖੁਸ਼ੀ ਵੀ ਰਹਿ ਸਕੇ। ਅੱਛਾ - ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਨਾਈਟ।

ਧਾਰਨਾ ਲਈ ਮੁੱਖ ਸਾਰ:-

1. ਰੋਜ਼ ਰਾਤ ਵਿੱਚ ਪੋਤਾਮੇਲ ਦੇਖਣਾ ਹੈ ਕਿ ਅਤਿ ਮਿੱਠੇ ਬਾਬਾ ਨੂੰ ਸਾਰੇ ਦਿਨ ਵਿੱਚ ਕਿੰਨਾ ਯਾਦ ਕੀਤਾ? ਆਪਣਾ ਸ਼ੋ ਕਰਨ ਲਈ ਪੋਤਾਮੇਲ ਨਹੀਂ ਰੱਖਣਾ ਹੈ, ਗੁਪਤ ਪੁਰਸ਼ਾਰਥ ਕਰਨਾ ਹੈ।

2. ਬਾਪ ਜੋ ਸੁਣਾਉਂਦੇ ਹਨ, ਉਸ ਤੇ ਵਿਚਾਰ ਸਾਗਰ ਮੰਥਨ ਕਰਨਾ ਹੈ, ਸਰਵਿਸ ਦਾ ਸਬੂਤ ਦੇਣਾ ਹੈ। ਸੁਣਿਆ ਅਨਸੁਣਾ ਨਹੀਂ ਕਰਨਾ ਹੈ। ਅੰਦਰ ਕੋਈ ਵੀ ਆਸੁਰੀ ਅਵਗੁਣ ਹੈ ਤਾਂ ਉਸਨੂੰ ਚੈਕ ਕਰਕੇ ਕੱਢਣਾ ਹੈ।

ਵਰਦਾਨ:- ਵੈਰਾਗ ਵ੍ਰਿਤੀ ਦਵਾਰਾ ਇਸ ਆਸਾਰ ਸੰਸਾਰ ਤੋਂ ਲਗਾਵ ਮੁਕਤ ਰਹਿਣ ਵਾਲੇ ਸੱਚੇ ਰਿਸ਼ੀ ਭਵ

ਰਾਜਰਿਸ਼ੀ ਮਤਲਬ ਰਾਜ ਹੁੰਦੇ ਹੋਏ ਵੀ ਬੇਹੱਦ ਦੇ ਵੈਰਗੀ, ਦੇਹ ਅਤੇ ਦੇਹ ਦੀ ਪੁਰਾਣੀ ਦੁਨੀਆਂ ਵਿੱਚ ਜ਼ਰਾ ਵੀ ਲਗਾਵ ਨਹੀਂ ਕਿਉਂਕਿ ਜਾਣਦੇ ਹਨ ਇਹ ਪੁਰਾਣੀ ਦੁਨੀਆਂ ਹੈ ਹੀ ਆਸਾਰ ਸੰਸਾਰ, ਇਸ ਵਿੱਚ ਕੋਈ ਸਾਰ ਨਹੀਂ ਹੈ ਆਸਾਰ ਸੰਸਾਰ ਵਿੱਚ ਬ੍ਰਾਹਮਣਾਂ ਦਾ ਸ਼੍ਰੇਸ਼ਠ ਸੰਸਾਰ ਮਿਲ ਗਿਆ ਇਸਲਈ ਉਸ ਸੰਸਾਰ ਨਾਲ ਬੇਹੱਦ ਦਾ ਵੈਰਾਗ ਮਤਲਬ ਕੋਈ ਵੀ ਲਗਾਵ ਨਹੀਂ ਜੇਰਕ ਕਿਸੇ ਵਿੱਚ ਵੀ ਲਗਾਵ ਅਤੇ ਝੁਕਾਵ ਨਾ ਹੋਵੇ ਉਦੋਂ ਕਹਾਂਗੇ ਰਾਜਰਿਸ਼ੀ ਜਾਂ ਤੱਪਸਵੀ।

ਸਲੋਗਨ:- ਯੁਕਤੀਯੁਕਤ ਬੋਲ ਉਹ ਹੈ ਜੋ ਮਧੁਰ ਅਤੇ ਸ਼ੁਭ ਭਾਵਨਾ ਸੰਪੰਨ ਹੋਣ।

******